Public Safety Canada
Sécurité publique Canada



# ਅਪਰਾਧ ਦੇ ਸ਼ਿਕਾਰ ਵਿਅੱਕਤੀ ਜਾਣਕਾਰੀ ਰੱਖਦੇ ਹਨ



Canada

© Her Majesty the Queen in Right of Canada, 2009

Cat. No.: PS4-69/2009
ISBN: 978-0-662-06621-7

Printed in Canada

ਕੈਨੇਡਾ ਦੇ ਕਨੂੰਨ ਦੇ ਅਧੀਨ, ਅਪਰਾਧ ਦੇ ਸ਼ਿਕਾਰ ਵਿਅੱਕਤੀਆਂ ਨੂੰ ਉਸ ਵਿਅੱਕਤੀ ਦੇ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿਸ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਹੈ ਜਦੋਂ ਕਿ ਉਹ ਵਿਅੱਕਤੀ ਕੈਨੇਡਾ ਦੀ ਕਰੈਕਸ਼ਨਲ ਸਰਵਿਸ ਜਾਂ ਰਾਸ਼ਟਰੀ ਪਰੋਲ ਬੋਰਡ ਦੇ ਕਬਜ਼ੇ ਵਿੱਚ ਹੈ। ਇਹ ਜਾਣਕਾਰੀ ਆਪਣੇ ਆਪ ਨਹੀਂ ਦਿਤੀ ਜਾਂਦੀ -- ਇੱਕ ਵਿਧੀ ਦਾ ਉਪਯੋਗ ਕਰਕੇ ਜਿਸ ਨੂੰ ਆਮ ਕਰਕੇ ਰਜਿਸਟਰਿੰਗ ਕਿਹਾ ਜਾਂਦਾ ਹੈ, ਇਹਨਾਂ ਏਜੰਸੀਆਂ ਵਿੱਚੋਂ ਕਿਸੇ ਇੱਕ ਨੂੰ ਲਿਖਤ ਬੇਨਤੀ ਕਰਨੀ ਜ਼ਰੂਰੀ ਹੈ।

ਇਹ ਪੁਸਤਿਕਾ ਇਕ ਸੂਚਨਾ ਪੁਸਤਕ ਹੈ ਜਿਹੜੀ ਦਸਦੀ ਹੈ ਕਿ ਸ਼ਿਕਾਰ ਹੋਏ ਵਿਅੱਕਤੀ ਕੀ ਕੁਝ ਜਾਂਣਨ ਦੇ ਹੱਕਦਾਰ ਹਨ, ਜਾਣਕਾਰੀ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਅਜਿਹੀ ਜਾਣਕਾਰੀ ਦੇਣ ਵਿੱਚ ਕਿਹੜਾ ਰੋਲ ਅਦਾ ਕਰ ਸਕਦੇ ਹਨ ਜਿਸ ਨਾਲ ਅਪਰਾਧੀ ਦੇ ਬਾਰੇ ਫੈਸਲਿਆਂ ਅਤੇ ਕੇਂਦਰ ਵ ਵਲੋਂ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ 'ਤੇ ਪ੍ਰਭਾਵ ਪੈ ਸਕਦਾ ਹੈ।

## ਕੀ ਤੁਸੀਂ ਅਪਰਾਧ ਦੇ ਸ਼ਿਕਾਰ ਹੋ?

ਤੁਸੀਂ ਅਪਰਾਧ ਦੇ ਸ਼ਿਕਾਰ ਉਦੋਂ ਮੰਨੇ ਜਾਂਦੇ ਹੋ ਜਦੋਂ:

- ਤੁਹਾਨੂੰ ਕਸ਼ਟ ਪਹੁੰਚਿਆ ਹੈ (ਕਿਸੇ ਦੇ ਅਪਰਾਧ ਕਾਰਨ ਤੁਹਾਨੂ ਸਰੀਰਕ ਜਾਂ ਮਾਨਸਿਕ ਸੱਟ ਵੱਜੀ ਹੈ) ਬੇਸ਼ਕ ਤੁਹਾਨੂੰ ਚੋਟ ਪਹੁੰਚਾਉਣ ਵਾਲੇ ਵਿਅੱਕਤੀ 'ਤੇ ਮੁਕਦਮਾ ਨਾਹ ਚੱਲਿਆ ਹੋਵੇ ਜਾਂ ਉਸਨੂੰ ਆਮ ਕਰਕੇ ਕੀਤੇ ਗਏ ਜੁਰਮ ਲਈ ਦੋਸ਼ੀ ਨਾ ਠਹਿਰਾਇਆ ਗਿਆ ਹੋਵੇ ਤਾਂ ਵੀ; ਜਾਂ
- ਕਿਸੀ ਦੇ ਅਪਰਾਧ ਕਾਰਨ ਤੁਹਾਨੂੰ ਕਸ਼ਟ ਪਹੁੰਚਿਆ ਹੈ ਅਤੇ ਤੁਸੀਂ ਪੁਲਿਸ ਜਾਂ ਸਰਕਾਰੀ ਵਕੀਲ ਨੂੰ ਸ਼ਕਾਇਤ ਕੀਤੀ ਹੈ, ਜਾਂ
- ਤੁਸੀਂ ਸ਼ਿਕਾਰ ਹੋਏ ਵਿਅੱਕਤੀ ਦੇ ਪਤੀ/ਪਤਨੀ, ਵਿਵਾਜਕ ਸਾਥੀ, ਰਿਸ਼ਤੇਦਾਰ, ਜਾਂ ਉਸ ਵਿਅੱਕਤੀ ਦੇ ਜਿਮੇਵਾਰੀ ਵਾਲੇ ਵਿਅੱਕਤੀ ਹੋ ਜਿਸ ਦੀ ਮੌਤ ਹੋ ਗਈ ਹੈ ਜਾਂ ਜੋ ਆਪਣੇ ਆਪ ਲਈ ਕੰਮ ਕਰਨ ਲਈ ਅਸਮਰੱਥ ਹੈ (ਉਦਾਹਰਣ ਲਈ, ਸ਼ਿਕਾਰ ਹੋਇਆ ਵਿਅੱਕਤੀ ਬਿਮਾਰ ਹੈ ਜਾਂ ਬੱਚਾ ਹੈ)।

## ਤੁਹਾਨੂੰ ਜਾਣਕਾਰੀ ਕਿਸ ਤਰ੍ਹਾਂ ਮਿਲ ਸਕਦੀ ਹੈ?

ਅਪਰਾਧੀ ਬਾਰੇ ਜਾਣਕਾਰੀ ਆਪਣੇ ਆਪ ਨਹੀਂ ਦਿਤੀ ਜਾਂਦੀ। ਤੁਹਾਨੂੰ ਜਾਂ ਕੋਈ ਵਿਅੱਕਤੀ ਜਿਸ ਨੂੰ ਤੁਸੀਂ ਆਪਣੀ ਅਗਵਾਈ ਕਰਨ ਦਾ ਲਿਖਤ ਅਧਿਕਾਰ ਦਿੱਤਾ ਹੈ, ਉਸ ਨੂੰ, ਜਾਣਕਾਰੀ ਦੀ ਅਰਜ਼ੀ ਕਰਨ ਲਈ ਜਾਂ ਤਾਂ ਕੈਨੇਡਾ ਦੀ ਕਰੈਕਸ਼ਨਲ ਸਰਵਿਸ ਜਾਂ ਰਾਸ਼ਟਰੀ ਪਰੋਲ ਬੋਰਡ ਨਾਲ ਸੰਪਰਕ ਕਰਨਾ ਪਵੇਗਾ। ਇਸ ਲਿਖਤ ਅਰਜ਼ੀ ਨੂੰ ਆਮ ਕਰਕੇ ਰਜਿਸਟਰਿੰਗ ਕਹਿੰਦੇ ਹਨ।

ਜੇਕਰ ਅਪਰਾਧੀ ਨੂੰ ਪ੍ਰਾਂਤਕ ਸੰਸਥਾ ਵਿੱਚ, ਓਨਟਾਰੀਓ ਅਤੇ ਕਿਊਬੈਕ ਨੂੰ ਛੱਡ ਕੇ, ਕੈਦੀ ਰੱਖਿਆ ਗਿਆ ਹੈ, ਤਾਂ ਰਾਸ਼ਟਰੀ ਪਰੋਲ ਬੋਰਡ ਨੂੰ ਬੇਨਤੀ ਕਰਨੀ ਪਵੇਗੀ। ਤੁਹਾਨੂੰ ਉਦੋਂ ਤੱਕ ਸੂਚਤ ਰੱਖਿਆ ਜਾਵੇਗਾ ਜਦੋਂ ਤੱਕ ਅਪਰਾਧੀ ਦੀ ਸਜ਼ਾ ਪੂਰੀ ਨਾ ਹੋ ਜਾਵੇ ਜਾਂ ਜਦੋਂ ਤੱਕ ਤੁਸੀਂ ਖਬਰ ਦੇਣ ਲਈ ਮਨ੍ਹਾਂ ਨਾ ਕਰ ਦੇਵੋ। ਜੇਕਰ ਅਪਰਾਧੀ ਨੂੰ ਓਨਟਾਰੀਓ ਪ੍ਰਾਂਤਕ ਸੰਸਥਾ ਵਿੱਚ ਕੈਦੀ ਰੱਖਿਆ ਗਿਆ ਹੈ ਤਾਂ 1-888-579-2888 'ਤੇ ਫੋਨ ਕਰ ਸਕਦੇ ਹੋ। ਜੇਕਰ ਅਪਰਾਧੀ ਨੂੰ ਕਿਊਬੈਕ ਪ੍ਰਾਂਤਕ ਸੰਸਥਾ ਵਿੱਚ ਕੈਦੀ ਰੱਖਿਆ ਗਿਆ ਹੈ ਤਾਂ 1-866-909-8913 'ਤੇ ਫੋਨ ਕਰ ਸਕਦੇ ਹੋ।

## ਤੁਸੀਂ ਰਜਿਸਟਰ ਕਿਸ ਤਰ੍ਹਾਂ ਹੋ ਸਕਦੇ ਹੋ?

ਅਪਰਾਧੀ ਜਾਣਕਾਰੀ ਸੇਵਾ ਅਤੇ ਹੋਰ ਆਮ ਜਾਣਕਾਰੀ ਲਈ ਕਿਸ ਤਰ੍ਹਾਂ ਰਜਿਸਟਰ ਹੋਣਾ ਚਾਹੀਦਾ ਹੈ, ਇਹ ਪਤਾ ਲਗਾਉਣ ਲਈ ਕ੍ਰਿਪਾ ਕਰਕੇ ਕੈਨੇਡਾ ਦੀ ਕਰੈਕਸ਼ਨਲ ਸਰਵਿਸ (ਸੁਧਾਈ ਸੇਵਾ) ਨੂੰ 1-866-806-2275 ਤੇ ਜਾਂ ਰਾਸ਼ਟਰੀ ਪਰੋਲ ਬੋਰਡ ਨੂੰ 1-866-789-INFO (4636) ਤੇ ਫੋਨ ਕਰੋ। ਇਸ ਟੋਲ ਫਰੀ ਇਨਫਰਮੇਸ਼ਨ ਲਾਈਨ 'ਤੇ ਕੈਨੇਡਾ ਅਤੇ ਯੁਨਾਈਟਿਡ ਸਟੇਟਸ ਤੋਂ ਕਿਸੇ ਵੀ ਸਥਾਨ ਤੋਂ ਫੋਨ ਕੀਤਾ ਜਾ ਸਕਦਾ ਹੈ।

## ਤੁਸੀਂ ਕਿਹੜੀ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹੋ?

ਬੇਨਤੀ ਤੋਂ ਬਾਅਦ ਅਤੇ ਰਜਿਸਟਰਡ ਵਿਕਟਮ ਦੇ ਰੂਪ ਵਿੱਚ ਤੁਹਾਨੂੰ ਹੇਠ **ਲਿਖੀ ਸੂਚਨਾ ਦਿਤੀ ਜਾਵੇਗਾ** :

- ਅਪਰਾਧੀ ਦਾ ਨਾਮ;
- ਅਪਰਾਧ ਅਤੇ ਅਪਰਾਧੀ ਨੂੰ ਦੋਸ਼ੀ ਕਰਾਰ ਕਰਨ ਵਾਲੀ ਕਚੈਹਰੀ;
- ਸਜ਼ਾ ਸ਼ੁਰੂ ਹੋਣ ਦੀ ਤਰੀਕ ਅਤੇ ਉਸਦਾ ਅਰਸਾ; ਅਤੇ
- ਥੋੜੇ ਸਮੇਂ ਲਈ ਛੁਟੀ, ਡੇ-ਪਰੋਲ, ਅਤੇ ਪੂਰੀ-ਪਰੋਲ ਲਈ ਅਪਰਾਧੀ ਦੀ ਯੋਗਤਾ ਅਤੇ ਉਸਦੇ ਰਿਵਿਊ ਦੀਆਂ ਤਰੀਕਾਂ।

ਇਸ ਤੋਂ ਇਲਾਵਾ, ਕੈਨੇਡਾ ਦੀ ਕਰੈਕਸ਼ਨਲ ਸਰਵਿਸ ਦੇ ਕਮਿਸ਼ਨਰ ਜਾਂ ਰਾਸ਼ਟਰੀ ਪਰੋਲ ਬੋਰਡ ਦੇ ਪ੍ਰਧਾਨ ਦੀ ਮਰਜ਼ੀ ਅਨੁਸਰ ਬੇਨਤੀ ਤੋਂ ਬਾਅਦ, ਤੁਹਾਨੂੰ ਹੇਠ ਲਿਖਤ ਜਾਣਕਾਰੀ ਦਿੱਤੀ ਜਾ **ਸਕਦੀ ਹੈ ਜੇ ਕਰ** ਇਸ ਜਾਣਕਾਰੀ ਤੋਂ ਹੋਣ ਵਾਲਾ ਤੁਹਾਡਾ ਲਾਭ ਅਪਰਾਧੀ ਦੇ ਨਿਝੀ ਲੁਕਾ ਵਿੱਚ ਦਖਲ ਤੋਂ ਜ਼ਿਆਦਾ ਮਹੱਤਵਪੂਰਨ ਹੈ:

- ਅਪਰਾਧੀ ਦੀ ਉਮਰ;
- ਜਿੱਥੇ ਸਜ਼ਾ ਕੱਟੀ ਜਾ ਰਹੀ ਹੈ ਉਸ ਕੈਦਖਾਨੇ ਦਾ ਸਥਾਨ;
- ਅਪਰਾਧੀ ਦੀ ਪਹਿਰੇਦਾਰੀ ਦੇ ਨਾਲ ਜਾਂ ਬਿਨ੍ਹਾਂ ਪਹਿਰੇਦਾਰੀ ਦੀ ਰਿਹਾਈ, ਅਸਥਾਈ ਗੈਰ ਹਾਜ਼ਰੀ, ਕੰਮ ਲਈ ਛੁੱਟੀ, ਪਰੋਲ ਜਾਂ ਕਨੂੰਨੀ ਰਿਹਾਈ ਦੀ ਤਰੀਕ, ਜੇਕਰ ਕੋਈ ਹੈ ਤਾਂ;
- ਰਾਸ਼ਟਰੀ ਪਰੋਲ ਬੋਰਡ ਦੀ ਕੋਈ ਵੀ ਸੁਣਵਾਈ ਦੀ ਤਰੀਕ;
- ਅਪਰਾਧੀ ਦੀ ਅਸਥਾਈ ਗੈਰ ਹਾਜ਼ਰੀ, ਕੰਮ ਲਈ ਛੁੱਟੀ, ਪਰੋਲ ਜਾਂ ਕਨੂੰਨੀ ਰਿਹਾਈ ਦੇ ਨਾਲ ਲਗੀਆਂ ਹੋਈਆਂ ਕੋਈ ਵੀ ਸ਼ਰਤਾਂ;
- ਅਪਰਾਧੀ ਦਾ ਠਿਕਾਣਾ ਜਦੋਂ ਉਸਨੂੰ ਕਿਸੀ ਅਸਥਾਈ ਗੈਰ ਹਾਜ਼ਰੀ, ਕੰਮ ਲਈ ਛੁੱਟੀ, ਪਰੋਲ ਜਾਂ ਕਨੂੰਨੀ ਰਿਹਾਈ ਲਈ ਛੱਡਿਆ ਜਾਵੇ ਅਤੇ ਉਸ ਠਿਕਾਣੇ 'ਤੇ ਪਹੁੰਚਣ ਲਈ ਜੇਕਰ ਅਪਰਾਧੀ ਤੁਹਾਡੇ ਆਸ-ਪਾਸ ਤੋਂ ਲੰਘੇਗਾ ਅਤੇ

- ਕੀ ਅਪਰਾਧੀ ਹਵਾਲਾਤ ਵਿੱਚ ਹੈ ਅਤੇ, ਜੇਕਰ ਨਹੀਂ, ਤਾਂ ਕਿਉਂ ਨਹੀਂ?

ਤੁਸੀਂ ਰਾਸ਼ਟਰੀ ਪਰੋਲ ਬੋਰਡ ਦੇ ਫੈਸਲਿਆਂ ਦੀ ਮੰਗ, ਪਰੋਲ ਬੋਰਡ ਦੀ ਫੈਸਲੇ (ਡਿਸੀਅੱਨ) ਰਜਿਸਟਰੀ ਤੋਂ ਵੀ ਕਰ ਸਕਦੇ ਹੋ। ਸ਼ਰਤ ਨਾਲ ਰਿਹਾਈ, ਕੈਦ ਵਿੱਚ ਵਾਪਸੀ, ਨਜ਼ਰਬੰਦੀ, ਅਤੇ ਬੋਰਡ ਦੇ ਅਪੀਲ ਡਵੀਜਨ ਦੇ ਫੈਸਲੇ ਅਤੇ ਉਸਦੇ ਕਾਰਣ, ਇਸ ਵਿੱਚ ਸ਼ਾਮਲ ਹੋ ਸਕਦੇ ਹਨ। ਰਾਸ਼ਟਰੀ ਪਰੋਲ ਬੋਰਡ, ਇਹਨਾਂ ਲਿਖਤ ਫੈਸਲਿਆਂ ਵਿੱਚ ਉਸ ਜਾਣਕਾਰੀ ਨੂੰ ਹਟਾ ਸਕਦਾ ਹੈ ਜੋ ਕਿ ਜਾਣਕਾਰੀ ਦੇ ਗੁਪਤ ਸਰੋਤ ਨੂੰ ਜ਼ਾਹਰ ਕਰ ਸਕੇ, ਜਿਸ ਨਾਲ ਵਿਅੱਕਤੀ ਦੀ ਸੁਰੱਖਿਆ ਜੋਖਮ ਵਿੱਚ ਪੈ ਸਕਦੀ ਹੈ ਜਾਂ ਅਪਰਾਧੀ ਦੇ ਸਮਾਜ ਵਿੱਚ ਕਨੂੰਨ ਪਾਲਣ ਵਾਲੇ ਨਾਗਰਿਕ ਦੇ ਤੌਰ ਤੇ ਵਾਪਸ ਆਉਣ ਵਿੱਚ ਰੁਕਾਵਟ ਪਾ ਸਕਦੀ ਹੈ।

## ਸੁਧਾਰ ਅਤੇ ਪਰੋਲ ਦੀ ਤਰਕੀਬ ਵਿੱਚ ਤੁਸੀਂ ਆਪਣੀ ਸਲਾਹ ਦੇ ਸਕਦੇ ਹੋ।

ਕੈਨੇਡਾ ਦੀ ਕਰੈਕਸ਼ਨਲ ਸਰਵਿਸ ਅਤੇ ਰਾਸ਼ਟਰੀ ਪਰੋਲ ਬੋਰਡ, ਸੁਰੱਖਿਆ ਸਬੰਧਤ ਤੁਹਾਡੀਆਂ ਚਿੰਤਾਵਾਂ ਅਤੇ ਇਸ ਅਪਰਾਧ ਨਾਲ ਤੁਹਾਡੇ, ਤੁਹਾਡੇ ਪਰਿਵਾਰ ਜਾਂ ਸਮਾਜ ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਣਕਾਰੀ ਦਾ ਸਵਾਗਤ ਕਰਦੇ ਹਨ। ਤੁਸੀਂ ਸ਼ਿਕਾਰ ਹੋਏ ਵਿਅੱਕਤੀ ਦਾ ਬਿਆਨ (ਵਿਕਟਮ ਸਟੇਟਮੈਂਟ) ਦੇਣ ਦਾ ਫੈਸਲਾ ਕਰ ਸਕਦੇ ਹੋ, ਜਿਸ ਵਿੱਚ ਤੁਸੀਂ ਇਸ ਅਪਰਾਧ ਤੋਂ ਤੁਹਾਡੇ ਤੇ ਹੋਣ ਵਾਲੇ ਸਰੀਰਕ, ਮਾਨਸਿਕ ਜਾਂ ਆਰਥਕ ਪ੍ਰਭਾਵ ਦੀ ਵਿਸਥਾਰ ਨਾਲ ਜਾਣਕ-ਾਰੀ ਅਤੇ ਤੁਹਾਨੂੰ ਉਚਿਤ ਲੱਗਣ ਵਾਲੀ ਹੋਰ ਜਾਣਕਾਰੀ ਵੀ ਦੇ ਸਕਦੇ ਹੋ। ਤੁਸੀਂ ਇਹ ਵੀ ਮੰਗ ਕਰ ਸਕਦੇ ਹੋ ਕਿ ਕੈਨੇਡਾ ਦੀ ਕਰੈਕਸ਼ਨਲ ਸਰਵਿਸ ਜਾਂ ਰਾਸ਼ਟਰੀ ਪਰੋਲ ਬੋਰਡ, ਅਪਰਾਧੀ ਦੀ ਰਿਹਾਈ ਦੇ ਨਾਲ ਕੁੱਝ ਵਿਸ਼ੇਸ਼ ਸ਼ਰਤਾਂ ਨੂੰ ਵੀ ਜੋੜਨ ਬਾਰੇ ਵਿਚਾਰ ਕਰੇ। ਤੁਸੀਂ ਕਿਸੇ ਵੀ ਏਜੰਸੀ ਨੂੰ ਜਾਣਕਾਰੀ ਕਿਸੇ ਸਮੇਂ ਵੀ ਦੇ ਸਕਦੇ ਹੋ।

ਸ਼ਿਕਾਰ ਹੋਏ ਵਿਅੱਕਤੀ ਦੇ ਤੌਰ ਤੇ, ਤੁਸੀਂ ਰਾਸ਼ਟਰੀ ਪਰੋਲ ਬੋਰਡ ਨੂੰ ਅਪਰਾਧੀ ਦੀ ਪਰੋਲ ਸੁਣਵਾਈ ਸਮੇਂ ਜ਼ੁਬਾਨੀ ਬਿਆਨ ਦੇ ਸਕਦੇ ਹੋ। ਜੇਕਰ ਤੁਸੀਂ ਬਿਆਨ ਨਹੀਂ ਦੇਣਾ ਚਾਹੁੰਦੇ, ਤਾਂ ਤੁਸੀਂ ਪਰੋਲ ਸੁਣਵਾਈ ਵਿੱਚ ਦਰਸ਼ਕ ਹੋਣ ਦੀ ਬੇਨਤੀ ਕਰ ਸਕਦੇ ਹੋ। ਤੁਹਾਨੂੰ ਸੁਣਵਾਈ ਸਮੇਂ ਲਿਖਤ ਬਿਆਨ ਪੜ੍ਹਨ ਦਾ ਜਾਂ ਉਸਨੂੰ ਔਡੀਓ ਜਾਂ ਵੀਡੀਓ ਤੇ ਰਿਕਾਰਡ ਕਰਕੇ ਪ੍ਰਸਤੁਤ ਕਰਨ ਦਾ ਵੀ ਹਕ ਹੈ ਜੇਕਰ ਤੁਸੀਂ ਸੁਣਵਾਈ ਵਿੱਚ ਹਾਜ਼ਰ ਨਹੀਂ ਹੋ ਸਕਦੇ ਜਾਂ ਇਸ ਤਰੀਕੇ ਨੂੰ ਤੁਸੀਂ ਜ਼ਿਆਦਾ ਪਸੰਦ ਕਰਦੇ ਹੋ। ਰਾਸ਼ਟਰੀ ਪਰੋਲ ਬੋਰਡ ਨੂੰ ਸੁਣਵਾਈ ਤੋਂ ੩੦ ਦਿਨ ਪਹਿਲਾਂ ਤੁਹਾਡੇ ਲਿਖਤ ਬਿਆਨ ਦੀ ਕਾਪੀ ਦੀ ਲੋੜ ਹੋਵੇਗੀ, ਜੇਕਰ ਉਸ ਨੂੰ ਅਨੁਵਾਦ ਦੀ ਜ਼ਰੂਰਤ ਨਹੀਂ ਹੈ ਤਾਂ ਅਤੇ ੪੫ ਦਿਨ ਜੇਕਰ ਹੈ ਤਾਂ।

ਨੁਕਸਾਨ ਪਹੁੰਚਾਉਣ ਵਾਲੇ ਅਪਰਾਧੀ ਦੇ ਰਾਸ਼ਟਰੀ ਪਰੋਲ ਬੋਰਡ ਦੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਤੁਸੀਂ ਡਿਪਾਰਟਮੈਂਟ ਆਫ ਜਸਟਿਸ ਦੇ ਵਿਕਟਮ ਫੰਡ ਤੋਂ ਆਰਥਕ ਸਹਾਇਤਾ ਲਈ ਵੀ ਅਰਜ਼ੀ ਦੇ ਸਕਦੇ ਹੋ। ਇਸ ਸਹਾਇਤਾ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਤੁਸੀਂ ਸ਼ਿਕਾਰ ਵਿਅੱਕਤੀ ਦੇ ਰੂਪ ਵਿੱਚ ਰਜਿਸਟਰ ਹੋਵੋ। ਇਹ ਵਿਕਟਮ ਫੰਡ ਉਸ ਸਹਾਇਕ ਵਿਅੱਕਤੀ ਨੂੰ ਵੀ ਆਰਥਕ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਰਜਿਸਟਰਡ ਵਿਕਟਮ ਦੇ ਨਾਲ ਰਾਸ਼ਟਰੀ ਪਰੋਲ ਬੋਰਡ ਦੀ ਸੁਣਵਾਈ ਵਿੱਚ ਹਾਜ਼ਰ ਹੁੰਦਾ ਹੈ ਜਾਂ ਉਸ ਦੀ ਮਦਦ ਕਰਦਾ ਹੈ।

## ਕੀ ਤੁਹਾਡੀ ਦਿੱਤੀ ਜਾਣਕਾਰੀ ਅਪਰਾਧੀ ਨਾਲ ਸਾਂਝੀ ਕੀਤੀ ਜਾਵੇਗੀ?

ਤੁਹਾਡੇ ਬਾਰੇ ਵਿਅੱਕਤੀਗਤ ਜਾਣਕਾਰੀ, ਜਿਵੇਂ ਕਿ ਤੁਹਾਡਾ ਪੱਤਾ, ਟੈਲੀਫੋਨ ਅਤੇ ਫੈਕਸ ਨੰਬਰ, ਅਪਰਾਧੀ ਦੇ ਨਾਲ ਸਾਂਝੇ ਨਹੀਂ ਕੀਤੇ ਜਾਂਦੇ। ਪਰ, ਕਨੂੰਨ ਇਹ ਮੰਗ ਕਰਦਾ ਹੈ ਕਿ ਰਾਸ਼ਟਰੀ ਕੈਨੇਡਾ ਦੀ ਕਰੈਕਸ਼ਨਲ ਸਰਵਿਸ ਅਤੇ ਪਰੋਲ ਬੋਰਡ ਉਹ ਸਭ ਜਾਣਕਾਰੀ ਅਪਰਾਧੀ ਨੂੰ ਜ਼ਾਹਰ ਕਰੇ ਜਿਸ ਤੇ ਫੈਸਲਾ ਲੈਣ ਵੇਲੇ ਧਿਆਨ ਦਿੱਤਾ ਜਾਵੇਗਾ, ਜਿਸ ਵਿੱਚ ਸ਼ਿਕਾਰ ਹੋਏ ਵਿਅੱਕਤੀ ਦੁਆਰਾ ਦਿੱਤੀ ਗਈ ਜਾਣਕਾਰੀ ਜਾਂ ਉਸ ਜਾਣਕਾਰੀ ਦਾ ਸਾਰ ਸ਼ਾਮਲ ਹਨ।

## ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਦੀ ਵਰਤੋਂ ਕੈਨੇਡਾ ਦੀ ਕਰੈਕਸ਼ਨਲ ਸਰਵਿਸ ਕਿਸ ਤਰਾਂ ਕਰਦੀ ਹੈ?

ਜੇਕਰ ਤੁਸੀਂ ਸਜ਼ਾ ਦੀ ਸੁਣਵਾਈ ਦੇ ਸਮੇਂ ਵਿਕਟਿਮ ਇਮਪੈਕਟ ਸਟੇਟਮੈਂਟ ਪੇਸ਼ ਕੀਤੀ ਹੈ, ਤਾਂ ਕਨੂੰਨ ਅਨੁਸਾਰ ਕਰੈਕਸ਼ਨਲ ਸਰਵਿਸ ਉਸ ਦੀ ਕਾਪੀ ਪ੍ਰਾਪਤ ਕਰੇ। ਵਿਕਟਿਮ ਇਮਪੈਕਟ ਸਟੇਟਮੈਂਟ ਦੀ ਗੈਰ ਹਾਜ਼ਰੀ ਵਿੱਚ, ਕਮਿਊਨਿਟੀ ਪਰੋਲ ਅਫਸਰ ਕਮਿਊਨਿਟੀ ਅਸੈਸਮੈਂਟ ਪੂਰੀ ਕਰ ਸਕਦਾ ਹੈ ਜੋ ਕਰੈਕਸ਼ਨਲ ਸਰਵਿਸ ਨੂੰ ਅਪ੍ਰਾਧੀ ਦੇ ਖਤਰੇ ਦੇ ਸਤਰ ਦਾ ਮੁਲਾਂਕਣ ਕਰਨ ਲਈ ਤੁਹਾਡੇ ਤੋਂ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੋਵੇ। ਸ਼ਿਕਾਰ ਹੋਏ ਵਿਅੱਕਤੀ ਦੀ ਜਾਣਕਾਰੀ ਦੀ ਵਰਤੋਂ ਹੇਠ ਲਿਖਤ ਅਨੁਸਾਰ ਕੀਤੀ ਜਾਂਦਾ ਹੈ:

- ਸਮਾਜ ਦੀ ਸੁਰੱਖਿਆ ਲਈ ਕੈਦਖਾਨੇ ਦੇ ਸੁਰੱਖਿਆ ਪੱਧਰ ਦਾ ਨਿਰਣਾ ਲੈਣ ਲਈ;
- ਰਾਸ਼ਟਰੀ ਪਰੋਲ ਬੋਰਡ ਨੂੰ ਸੁਝਾਉ ਦੇਣ ਲਈ ਕਿ ਅਪਰਾਧੀ ਨੂੰ ਸ਼ਰਤ ਦੇ ਨਾਲ ਰਿਹਾ ਕੀਤਾ ਜਾਵੇ ਜਿਵੇਂ ਕਿ, ਪਰੋਲ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ, ਰਿਹਾਈ ਦਾ ਫੈਸਲਾ ਲੈਣ ਵੇਲੇ ਕਿਹੜੀਆਂ ਹੋਰ ਸ਼ਰਤਾਂ ਧਿਆਨ ਵਿੱਚ ਰਖਣੀਆਂ ਚਾਹੀਦੀਆਂ ਹਨ;

- ਇਹ ਫੈਸਲਾ ਕਰਨ ਲਈ ਕਿ ਕੀ ਅਪਰਾਧੀ ਨੂੰ ਅਸਥਾਈ ਗੈਰ ਹਾਜ਼ਰੀ ਜਾਂ ਕੰਮ ਕਰਨ ਲਈ ਰਿਹਾਈ ਦੇਣੀ ਚਾਹੀਦੀ ਹੈ ਜਾਂ ਨਹੀਂ; ਅਤੇ
- ਅਪਰਾਧੀ ਵੱਲੋਂ ਦੁਬਾਰਾ ਅਪਰਾਧ ਦੇ ਕੁੱਲ ਖਤਰੇ ਦਾ ਮੁਲਾਂਕਣ ਅਤੇ ਜ਼ਰੂਰੀ ਪ੍ਰੋਗਰਾਮ ਨਿਸ਼ਚਿਤ ਕਰਨ ਲਈ।

## ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਵਰਤੋਂ ਰਾਸ਼ਟਰੀ ਪਰੋਲ ਬੋਰਡ ਕਿਸ ਤਰਾਂ ਕਰਦਾ ਹੈ?

ਤੁਹਾਡੇ ਦੁਆਰਾ ਰਾਸ਼ਟਰੀ ਪਰੋਲ ਬੋਰਡ ਨੂੰ ਦਿੱਤੀ ਗਈ ਜਾਣਕਾਰੀ, ਕੀਤੇ ਗਏ ਅਪਰਾਧ ਦੀ ਗੰਭੀਰਤਾ ਨੂੰ ਸਮਝਣ ਦਾ ਕੀਮਤੀ ਸਾਧਨ ਹੈ ਅਤੇ ਇਸ ਮੁੱਲਾਂਕਣ ਦਾ ਵੀ ਕਿ ਕੀ ਅਪਰਾਧੀ ਸਮਝਦਾ ਹੈ ਕਿ ਉਸਨੇ ਕਿਤਨਾਂ ਨੁਕਸਾਨ ਪਹੁੰਚਾਇਆ ਹੈ? ਇਹ ਜਾਣਕਾਰੀ, ਬੋਰਡ ਨੂੰ ਇਸ ਮੁੱਲਾਂਕਣ ਵਿੱਚ ਸਹਾਇਤਾ ਕਰੇਗੀ ਜੇਕਰ:

- ਅਪਰਾਧੀ ਨੂੰ ਸ਼ਰਤ ਦੇ ਨਾਲ ਰਿਹਾਈ 'ਤੇ ਛੱਡਿਆ ਜਾਵੇ ਕਿਉਂਜਿ ਉਸਦੇ ਦੁਬਾਰਾ ਅਪਰਾਧ ਕਰਨ ਦੀ ਸੰਭਾਵਨਾ ਹੈ;
- ਇਸ ਜੋਖਮ ਦੇ ਨਿਯੰਤਰਣ ਲਈ ਕਿ ਸਮਾਜ ਨੂੰ ਖਾਸ ਖਤਰੇ ਤੋਂ ਜਿਹੜੇ ਅਪਰਾਧੀ ਦੇ ਨੇੜੇ ਹੋਣ ਕਾਰਨ ਹੋ ਸਕਦੇ ਹਨ, ਤੋਂ ਬਚਾਣ ਲਈ ਹੋਰ ਸ਼ਰਤਾਂ ਲਗਾਈਆਂ ਜਾਣ, ਖਾਸ ਕਰਕੇ ਜੇਕਰ ਅਪਰਾਧੀ ਤੁਹਾਡੇ ਨੇੜੇ ਹੀ ਰਹੇਗਾ ਜਾਂ ਤੁਹਾਡੇ ਪਰਿਵਾਰ ਦਾ ਮੈਂਬਰ ਹੈ। ਰਾਸ਼ਟਰੀ ਪਰੋਲ ਬੋਰਡ ਉਦਾਹਰਣ ਲਈ, ਇਹ ਵਿਸ਼ੇਸ਼ ਸ਼ਰਤ ਲਗਾ ਸਕਦਾ ਹੈ ਕਿ ਅਪਰਾਧੀ ਤੁਹਾਡੇ ਨਾਲ ਸੰਪਰਕ ਨਾ ਕਰੇ।

## ਸ਼ਿਕਾਰ ਹੋਏ ਵਿਅੱਕਤੀਆਂ ਲਈ ਕੇਂਦਰੀ ਸੇਵਾਵਾਂ।

### ਪਬਲਿਕ ਸੇਫਟੀ ਕੈਨੇਡਾ
### ਰਾਸ਼ਟਰੀ ਆਫਿਸ ਫਾਰ ਵਿਕਟਮਸ

੨੦੦੫ ਵਿੱਚ ਸਥਾਪਤ (ਰਾਸ਼ਟਰੀ) ਨੈਂਸ਼ਨਲ ਆਫਿਸ ਫਾਰ ਵਿਕਟਮਸ, ਪਬਲਿਕ ਸੇਫਟੀ ਕੈਨੇਡਾ ਦਾ ਇੱਕ ਭਾਗ ਹੈ ਅਤੇ ਕੇਂਦਰੀ ਸੁਧਾਰ ਦੇ ਮਾਮਲਿਆਂ ਵਿੱਚ ਜਾਣਕਾਰੀ ਅਤੇ ਸਹਾਇਤਾ ਦਾ ਰਾਸ਼ਟਰੀ ਸੇਵਾ-ਸਾਧਨ ਹੈ। ਅਪਣੀਂ ਜ਼ਿਮੇਵਾਰੀ ਅਨੁਸਾਰ ਇਹ ਦਫਤਰ:

- ਇੱਕ ਟੋਲ ਫਰੀ ਲਾਈਨ, 1-866-525-0554 ਚਲਾਉਂਦਾ ਹੈ, ਜਿਸ 'ਤੇ ਸ਼ਿਕਾਰ ਹੋਏ ਵਿਅੱਕਤੀ ਕੈਨੇਡਾ ਜਾਂ ਯੂ.ਐਸ.ਏ., ਕਿਤੋਂ ਵੀ ਫੋਨ ਕਰ ਸਕਦੇ ਹਨ;
- ਵਿਸ਼ੇਸ਼ ਜਾਣਕਾਰੀ ਲਈ ਕਰੈਕਸ਼ਨਲ ਸਰਵਿਸ ਆਫ ਕੈਨੇਡਾ ਅਤੇ ਰਾ-ਸ਼ਟਰੀ ਪਰੋਲ ਬੋਰਡ ਨਾਲ ਸਬੰਧ ਜੁੜਵਾਂਦੇ ਹਨ।
- ਨਿਸ਼ਚਿਤ ਕਰਦੇ ਹਨ ਕਿ ਸ਼ਿਕਾਰ ਹੋਏ ਵਿਅੱਕਤੀ ਦਾ ਦ੍ਰਿਸ਼ਟੀਕੋਨ, ਰਾਸ਼ਟਰੀ ਨੀਤੀ ਬਣਾਣ ਵਿੱਚ ਸ਼ਾਮਲ ਹੋਵੇ; ਅਤੇ
- ਸੂਚਨਾਂ ਪਤਰ ਤਿਆਰ ਕਰਨੇ, ਸ਼ਿਕਾਰ ਹੋਏ ਵਿਅੱਕਤੀਆਂ ਨੂੰ, ਉਹਨਾਂ ਨੂੰ ਸੇਵਾ ਪ੍ਰਦਾਨ ਕਰਨ ਵਾਲਿਆਂ ਅਤੇ ਆਮ ਜਨਤਾ ਨੂੰ ਵੰਡਣੇ ।

ਵਧੇਰੇ ਜਾਣਕਾਰੀ ਲਈ, ਕ੍ਰਿਪਾ ਕਰਕੇ ਰਾਸ਼ਟਰੀ ਆਫਿਸ ਫਾਰ ਵਿਕਟਮਸ ਦੀ ਵੈੱਬਸਾਈਟ www.publicsafety.gc.ca/nov. 'ਤੇ ਦੇਖੋ।

### ਕਰੈਕਸ਼ਨਲ ਸਰਵਿਸ ਆਫ ਕੈਨੇਡਾ।

ਸ਼ਿਕਾਰ ਹੋਏ ਵਿਅੱਕਤੀਆਂ ਨੂੰ ਰਜਿਸਟਰ ਕਰਨ ਤੋਂ ਇਲਾਵਾ, ਕਰੈਕਸ਼ਨਲ ਸਰਵਿਸ ਆਫ ਕੈਨੇਡਾ ਦੀਆਂ ਵਿਕਟਮਜ਼ ਸੇਵਾਵਾਂ ਦੇ ਪ੍ਰੋਗਰਾਮਾਂ ਵਿੱਚ ਕਰਮ-ਸ਼ੀਲ, ਰਿਜਨਲ ਵਿਕਟਮ ਸਰਵਿਸ ਮੈਨੇਜਰ ਅਤੇ ਵਿਕਟਮਜ਼ ਸਰਵਿਸ ਅਫਸਰ ਹੁੰਦੇ ਹਨ ਜੋ ਕੇਂਦਰੀ ਖੇਤਰ ਅਧੀਨ ਸ਼ਿਕਾਰ ਹੋਏ ਵਿਅੱਕਤੀਆਂ ਲਈ ਜਾਣਕ-

ਾਰੀ, ਉਹਨਾਂ ਨੂੰ ਸੂਚਨਾ ਦੇਣਾ ਅਤੇ ਹੋਰ ਸੇਵਾਵਾਂ ਦਾ ਪ੍ਰਬੰਧ ਕਰਨ ਲਈ ਜ਼ਿਮੇਵਾਰ ਹੁੰਦੇ ਹਨ।

ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਕਰੈਕਸ਼ਨਲ ਸਰਵਿਸ ਆਫ ਕੈਨੇਡਾ ਨੂੰ ਟੋਲ ਫਰੀ 1-866-806-2275 ਤੇ ਫੋਨ ਕਰੋ ਜਾਂ ਉਹਨਾਂ ਦੀ ਵੈਬਸਾਈਟ www.csc-scc.gc.ca ਤੇ ਜਾਉ।

ਕਰੈਕਸ਼ਨਲ ਸਰਵਿਸ ਆਫ ਕੈਨੇਡਾ, ਅਪਰਾਧੀ ਤੇ ਸ਼ਿਕਾਰੀ ਦੇ ਵਿੱਚ ਸਾਲਸੀ ਦਾ ਕਮ ਵੀ ਕਰਦੇ ਹਨ। ਇਹ ਸਮਝੌਤੇ ਦੀ ਵਿਧੀ ਪੂਰੀ ਤਰ੍ਹਾਂ ਸਵੈ-ਇੱਛਕ ਹੈ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਕ੍ਰਿਪਾ ਕਰਕੇ ਕਰੈਕਸ਼ਨਲ ਸਰਵਿਸ ਆਫ ਕੈਨੇਡਾ ਦੀ ਰੈਸਟੋਰੇਟਿਵ ਜਸਟਿਸ ਯੂਨਿਟ ਨੂੰ 613-947-7309 ’ਤੇ ਫੋਨ ਕਰੋ।

## ਰਾਸ਼ਟਰੀ ਪਰੋਲ ਬੋਰਡ

ਰਾਸ਼ਟਰੀ ਪਰੋਲ ਬੋਰਡ ਦੇ ਹਰੇਕ ਰਿਜਨ ਵਿੱਚ ਰਿਜਨੱਲ ਕਮਿਊਨੀਕੇਸ਼ਨ ਅਫਸਰਾਂ ਦੀ ਟੀਮ ਹੁੰਦੀ ਹੈ ਜੋ ਸ਼ਿਕਾਰ ਹੋਏ ਵਿਅੱਕਤੀਆਂ ਨੂੰ ਜਾਣਕਾਰੀ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ। ਇਹਨਾਂ ਦਫਤਰਾਂ ਦੁਆਰਾ, ਰਜਿਸਟਰ ਹੋਏ ਸ਼ਿਕਾਰ ਵਿਅੱਕਤੀ ਰਾਸ਼ਟਰੀ ਪਰੋਲ ਬੋਰਡ ਦੇ ਫੈਸਲਿਆਂ ਦੀ ਨਕਲ ਪ੍ਰਾਪਤ ਕਰ ਸਕਦੇ ਹਨ, ਰਾਸ਼ਟਰੀ ਪਰੋਲ ਬੋਰਡ ਦੀ ਸੁਣਵਾਈ ਵਿੱਚ ਵਿਕਟਮ ਇਮਪੈਕਟ ਸਟੇਟ-ਮੈਂਟ ਪੇਸ਼ ਕਰ ਸਕਦੇ ਹਨ, ਅਤੇ ਦਰਸ਼ਕ ਦੇ ਤੌਰ ਤੇ ਸੁਣਵਾਈਆਂ ਵਿੱਚ ਸ਼ਾਮਲ ਹੋ ਸਕਦੇ ਹਨ। ਰਿਜਨੱਲ ਕਮਿਊਨੀਕੇਸ਼ਨ ਅਫਸਰ ਸ਼ਿਕਾਰ ਹੋਏ ਵਿਅੱਕਤੀਆਂ ਨਾਲ ਰਾਸ਼ਟਰੀ ਪਰੋਲ ਬੋਰਡ ਦੀਆਂ ਸੁਣਵਾਈਆਂ ਵਿੱਚ ਵੀ ਹਾਜ਼ਰ ਹੋ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ, ਰਾਸ਼ਟਰੀ ਪਰੋਲ ਬੋਰਡ ਨੂੰ ਟੋਲ ਫਰੀ 1-866-789-info(4636) ’ਤੇ ਫੋਨ ਕਰੋ ਜਾਂ www.npb-cnlc.gc.ca ਚਓ’ਤੇ ਵੈਬਸਾਈਟ ਦੇਖੋ।

## ਡਿਪਾਰਟਮੈਂਟ ਆਫ ਜਸਟਿਸ
## ਸ਼ਿਕਾਰ ਵਿਅੱਕਤੀਆਂ ਦੇ ਮਾਮਲਿਆਂ ਲਈ ਨੀਤੀਆਂ ਦਾ ਕੇਂਦਰ।

ਡਿਪਾਰਟਮੈਂਟ ਆਫ ਜਸਟਿਸ (ਨਿਯਾਂ ਮਹਿਕਮੇ) ਵਿੱਚ ਪੌਲਿਸੀ ਸੈਂਟਰ ਫਾਰ ਵਿਕਟਮ ਇਸ਼ੂਜ਼ (ਸ਼ਿਕਾਰ ਵਿਅੱਕਤੀਆਂ ਦੇ ਮਾਮਲਿਆਂ ਲਈ ਨੀਤੀਆਂ ਦਾ ਕੇਂਦਰ), ਫੌਜਦਾਰੀ ਕਨੂੰਨ ਵਿੱਚ ਸੁਧਾਰ ਅਤੇ ਨੀਤੀ ਵਿਕਾਸ ਵਿੱਚ ਸ਼ਿਕਾਰ ਵਿਅੱਕਤੀ ਦਾ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਪੌਲਿਸੀ ਸੈਂਟਰ ਫਾਰ ਵਿਕਟਮ ਇਸ਼ੂਜ਼, ਹੋਰ ਕੇਨਦਰੀ ਡਿਪਾਰਟਮੈਂਟਾਂ ਨਾਲ ਮਿਲਕੇ ਕੰਮ ਕਰਦਾ ਹੈ ਇਹ ਨਿ-ਸ਼ਚਿਤ ਕਰਨ ਲਈ ਕਿ ਸ਼ਿਕਾਰ ਹੋਏ ਵਿਅੱਕਤੀਆਂ ਦੇ ਅਨੁਭਵ ਵਿੱਚ ਸੁਧਾਰ ਤੇ ਕਰਿਮਨਲ ਜਸਟਿਸ ਸਿਸਟਮ ਵਿੱਚ ਇੱਕ ਸਮਾਨ ਤਰੀਕਾ ਲਾਗੂ ਕੀਤਾ ਜਾਵੇ।

ਪੌਲਿਸੀ ਸੈਂਟਰ ਫਾਰ ਵਿਕਟਮ ਇਸ਼ੂਜ਼ ਦੀ ਕਾਫੀ ਵੱਡੀ ਜ਼ਿਮੇਵਾਰੀ ਹੈ, ਜਿਸ ਵਿੱਚ ਸ਼ਾਮਲ ਹਨ:

- ਖੋਜ ਕਰਨਾ;
- ਸ਼ਿਕਾਰ ਵਿਅੱਕਤੀਆਂ ਦੀਆਂ ਜ਼ਰੂਰਤਾਂ ਅਤੇ ਚਿੰਤਾਵਾਂ ਪ੍ਰਤੀ ਜਾਗਰਤਾ ਵਧਾਉਣੀ;
- ਆਮ ਜੰਤਾ ਲਈ ਜਾਣਕਾਰੀ ਸੂਚੀ ਪਤਰ ਤਿਆਰ ਕਰਨੇ;
- ਸਬੰਧਤ ਲੋਕਾਂ ਨਾਲ ਸਲਾਹ ਕਰਕੇ ਚਿੰਤਾਵਾਂ ਦੇ ਖੇਤਰ ਅਤੇ ਕਨੂੰਨ ਅਤੇ ਨੀਤੀ ਸੁਧਾਰ ਦੇ ਤਰੀਕਿਆਂ ਦਾ ਪਤਾ ਲਗਾਉਣਾ;
- ਵਿਕਟਮਸ ਫੰਡ ਦਾ ਪ੍ਰਬੰਧ ਕਰਨਾ, ਜੋ ਪ੍ਰਾਂਤ ਅਤੇ ਪ੍ਰਦੇਸ਼ ਰਾਹੀਂ ਸ਼ਿਕਾਰ ਵਿਅੱਕਤੀਆਂ ਨੂੰ ਸਹਾਇਤਾ ਦਿੰਦਾ ਹੈ; ਅਤੇ
- ਸ਼ਿਕਾਰ ਵਿਅੱਕਤੀਆਂ ਲਈ ਸੇਵਾ ਸੰਸਥਾਵਾਂ ਨੂੰ ਆਰਥਕ ਸਹਾਇਤਾ ਦਿ-ੰਦਾ ਹੈ ਅਤੇ ਸ਼ਿਕਾਰ ਵਿਅੱਕਤੀਆਂ ਨੂੰ ਸਿੱਧੀ ਸੀਮਤ ਆਰਥਕ ਸਹਾਇਤਾ ਪ੍ਰਦਾਨ ਕਰਦਾ ਹੈ ਤਾਂ ਕਿ ਉਹ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅੱਕਤੀ ਦੀ ਰਾਸ਼ਟਰੀ ਪਰੋਲ ਬੋਰਡ ਦੀ ਸੁਣਵਾਈ ਵਿੱਚ ਜਾ ਸਕਣ।

ਰਾਸ਼ਟਰੀ ਪਰੋਲ ਬੋਰਡ ਦੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਆਰਥਕ ਸਹਾਇਤਾ ਦੀ ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਪੌਲਿਸੀ ਸੈਂਟਰ ਫਾਰ

ਵਿਕਟਮ ਇਸ਼ੂਜ਼ ਨੂੰ ਟੋਲ ਫਰੀ 1-866-544-1007 'ਤੇ ਫੋਨ ਕਰੋ ਜਾਂ www.justice.gc.ca'ਤੇ ਵੈਬ ਸਾਈਟ ਦੇਖੋ।

## ਅਪਰਾਧ ਦੇ ਸ਼ਿਕਾਰ ਵਿਅੱਕਤੀਆਂ ਲਈ ਕੇਂਦਰੀ ਲੋਕਪਾਲ (ਓਮਬੁਡ-ਸਮੇਨ)।

ਫੈਡਰਲ ਓਮਬੁਡਸਮੇਨ ਫਾਰ ਵਿਕਟਮਜ਼ ਆਫ ਕਰਾਈਮ ਦਾ ਦਫਤਰ, ਕੈਨੇਡਾ ਵਿੱਚ ਸ਼ਿਕਾਰ ਵਿਅੱਕਤੀਆਂ ਲਈ ਇੱਕ ਨਵਾਂ ਅਤੇ ਸਵਤੰਤਰ ਸੇਵਾ-ਸਾਧਨ ਦਾ ਵਸੀਲਾ ਹੈ। ਇਸ ਦਫਤਰ ਦੀ ਸਥਾਪਨਾ ੨੦੦੭ ਵਿੱਚ ਕੀਤੀ ਗਈ ਸੀ ਇਹ ਨਿਸ਼ਚਿਤ ਕਰਨ ਲਈ ਕਿ ਕੇਂਦਰੀ ਸਰਕਾਰ, ਅਪਰਾਧ ਦੇ ਸ਼ਿਕਾਰ ਵਿਅੱਕਤੀਆਂ ਪ੍ਰਤੀ ਆਪਣੀ ਜ਼ਿਮੇਵਾਰੀ ਨਿਭਾਉਂਦੀ ਰਹੈ।

ਸ਼ਿਕਾਰ ਵਿਅੱਕਤੀ ਦਫਤਰ ਨਾਲ ਸੰਪਰਕ ਕਰਕੇ ਕੇਂਦਰੀ ਕਨੂੰਨ ਦੇ ਅਧੀਨ ਆਪਣੇ ਅਧਿਕਾਰਾਂ ਅਤੇ ਉਹਨਾਂ ਨੂੰ ਉਪਲੱਬਧ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਜਾਂ ਉਸ ਕਿਸੇ ਕੇਂਦਰੀ ਏਜੰਸੀ ਜਾਂ ਕੇਂਦਰੀ ਕਨੂੰਨ ਬਾਰੇ ਸ਼ਿਕਾਇਤ ਕਰ ਸਕਦੇ ਹਨ ਜਿੰਨਾਂ ਦਾ ਪ੍ਰਭਾਵ ਸ਼ਿਕਾਰ ਹੋਏ ਵਿਅੱਕਤੀਆਂ ਤੇ ਪੈਂਦਾ ਹੈ। ਸ਼ਿਕਾਰ ਵਿਅੱਕਤੀਆਂ ਨਾਲ ਸਿੱਧਾ ਕੰਮ ਕਰਨ ਤੋਂ ਇਲਾਵਾ, ਇਹ ਦਫਤਰ ਇਹ ਵੀ ਨਿਸ਼ਚਿਤ ਕਰਦਾ ਹੈ ਕਿ ਨੀਤੀਆਂ ਬਣਾਉਣ ਵਾਲੇ ਅਤੇ ਹੋਰ ਕਰਿਮਨਲ ਜਸਟਿਸ ਦੇ ਲੋਕ ਸ਼ਿਕਾਰ ਵਿਅੱਕਤੀਆਂ ਦੀਆਂ ਜ਼ਰੂ-ਰਤਾਂ ਅਤੇ ਚਿੰਤਾਵਾਂ ਨੂੰ ਸਮਝਣ। ਲੋਕਪਾਲ ਆਪ ਵੀ ਨਵੇਂ ਉੱਠਣ ਵਾਲੇ ਅਤੇ ਸਰਬਵਿਆਪਕ ਮੁੱਦਿਆਂ ਦਾ ਪਤਾ ਕਰ ਸਕਦਾ ਹੈ ਅਤੇ ਉਹਨਾਂ ਦੀ ਜਾਂਚ ਕਰ ਸਕਦਾ ਹੈ ਜਿੰਨ੍ਹਾਂ ਦਾ ਬੁਰਾ ਅਸਰ ਸ਼ਿਕਾਰ ਹੋਏ ਵਿਅੱਕਤੀਆਂ ਤੇ ਪੈਂਦਾ ਹੈ, ਅਤੇ ਇਸ ਬਾਰੇ ਕੇਂਦਰੀ ਸਰਕਾਰ ਨੂੰ ਆਪਣੇ ਸੁਝਾਓ ਵੀ ਦੇ ਸਕਦਾ ਹੈ।

ਵਧੇਰੇ ਜਾਣਕਾਰੀ ਲਈ, ਕ੍ਰਿਪਾ ਕਰਕੇ ਫੈਡਰਲ ਓਮਬੁਡਸਮੇਨ ਫਾਰ ਵਿਕਟਮਸ ਆਫ ਕਰਾਈਮ ਦੇ ਦਫਤਰ ਨੂੰ ਟੋਲ-ਫਰੀ 1-866-481-8429 'ਤੇ ਫੋਨ ਕਰੋ ਜਾਂ www.victimsfirst.gc.ca 'ਤੇ ਵੈਬਸਾਈਟ ਦੇਖੋ।